بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.11.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਇਕ ਅਤਿਅੰਤ ਫ਼ਿਦਾਈ ਬਦਰੀ ਸਹਾਬੀ ਹਜ਼ਰਤ ਮਿਕਦਾਦ ਬਿਨ ਉਮਰੋ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਨਵੰਬਰ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰੀ ਸਹਾਬਾ ਦੇ ਜ਼ਿਕਰ ਵਿੱਚ ਅੱਜ ਮੈਂ ਹਜ਼ਰਤ ਮਿਕਦਾਦ ਬਿਨ ਅਸਵਦ ਜਾਂ ਮਿਕਦਾਦ ਬਿਨ ਉਮਰੋ ਇਹਨਾ ਦਾ ਅਸਲ ਨਾਂ ਮਿਕਦਾਦ ਬਿਨ ਉਮਰੋ ਹੈ, ਇਹਨਾ ਦਾ ਜ਼ਿਕਰ ਕਰਾਂਗਾ । ਹਜ਼ਰਤ ਮਿਕਦਾਦ ਦੇ ਪਿਤਾ ਦਾ ਨਾਂ ਉਮਰੋ ਬਨ ਸਾਲਬਾ ਸੀ ਹਾਲਾਂਕਿ ਹਜ਼ਰਤ ਮਿਕਦਾਦ ਨੂੰ ਅਸਵਦ ਬਿਨ ਯਗ਼ੂਸ ਵੱਲ ਮਨਸੂਬ (ਸੰਬੰਧੀ) ਕੀਤਾ ਜਾਂਦਾ ਹੈ ਕਿਉਂਕਿ ਉਸਨੇ ਇਹਨਾ ਨੂੰ ਬਚਪੁਣੇ ਵਿੱਚ ਆਪਣਾ ਮੁਤਬੰਨਾ (ਮੂੰਹ ਬੋਲਿਆ ਪੁਤੱਰ) ਬਣਾ ਲਿਆ ਸੀ, ਇਸ ਲਈ ਮਿਕਦਾਦ ਬਿਨ ਅਸਵਦ ਦੇ ਨਾਂ ਨਾਲ ਪ੍ਰਸਿੱਧ ਹੋ ਗਏ । ਪਰੰਤੂ ਰੱਬ ਦਾ ਇਹੋ ਹੁਕਮ ਹੈ ਕਿ ਉਦਊਹੁਮ ਲਿ ਆਬਾਇਹਿਮ (ادعوھم لاٰبائھم) ਕਿ ਲੈ-ਪਾਲਕਾਂ (ਗੋਦ ਲਏ ਪੁਤੱਰਾਂ) ਨੂੰ ਵੀ ਅਤੇ ਜੋ ਕਿਸੇ ਦੇ ਨਾਲ ਮਨਸੂਬ ਹਨ, ਉਹਨਾ ਦੀ ਅਸਲ ਨਿਸਬਤ ਜੋ ਹੈ ਉਹ ਬਾਪ ਦੀ ਹੈ ਇਸ ਲਈ ਬਾਪ ਦੇ ਨਾਂ ਨਾਲ ਪੁਕਾਰਿਆਂ ਜਾਣਾ ਚਾਹੀਦਾ ਹੈ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਚਾਚਾ ਹਜ਼ਰਤ ਜ਼ੁਬੈਰ ਬਿਨ ਅਬਦੁਲ ਮੁਤਲਿਬ ਦੀ ਬੇਟੀ ਜ਼ਿਬਾਕਾ ਨਾਲ ਉਹਨਾ ਦਾ ਵਿਆਹ ਕਰਵਾਇਆ । ਹਜ਼ਰਤ ਜ਼ਿਬਾਕਾ ਤੋਂ ਉਹਨਾ ਦੇ ਦੋ ਬੱਚੇ ਪੈਦਾ ਹੋਏ ਕਰੀਮਾ ਤੇ ਅਬਦੁਲੱਾਹ । ਅਬਦੁਲੱਾਹ ਜਮਲ ਦੀ ਜੰਗ ਵਿੱਚ ਹਜ਼ਰਤ ਆਇਸ਼ਾਂ ਵੱਲੋਂ ਲੜਦਿਆਂ ਹੋਇਆਂ ਸ਼ਹੀਦ ਹੋਏ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜ਼ਿਬਾਕਾ ਨੂੰ ਖ਼ੈਬਰ ਵਿੱਚੋਂ ਚਾਲ੍ਹੀ ਵਸਕ ਖਜੂਰਾਂ ਪ੍ਰਦਾਨ ਕੀਤੀਆਂ ਸਨ । ਇਹ ਛੇ ਸੋ ਕਿਲੋ ਦੇ ਲਗਭਗ ਬਣਦਾ ਹੈ । ਹਜ਼ਰਤ ਮਿਕਦਾਦ ਦੀ ਬੇਟੀ ਕਰੀਮਾ ਆਪਦਾ ਹੁਲੀਆ (ਦਿਖ) ਬਿਆਨ ਕਰਦੀ ਹਨ ਕਿ ਉਹਨਾ ਦਾ ਕੱਦ ਲੰਮਾ, ਰੰਗ ਕਣਕ ਭਿੰਨਾ ਸੀ, ਢਿੱਡ ਵਡੱਾ ਤੇ ਸਿਰ ਦੇ ਘਣੇ ਵਾਲ ਸਨ,

ਉਹ ਆਪਣੀ ਦਾੜ੍ਹੀ ਨੂੰ ਜ਼ਰਦ ਰੰਗ ਲਾਇਆ ਕਰਦੇ ਸਨ, ਜੋ ਸੁੰਦਰ ਸੀ, ਨ ਵੱਡੀ ਅਤੇ ਨ ਛੋਟੀ ਸੀ । ਅਖੱਾਂ ਕਾਲੀਆਂ ਤੇ ਭਰਵੱਟੇ ਬਰੀਕ ਤੇ ਲੰਮੇ ਸਨ ।

ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਿਕਦਾਦ ਉਹਨਾ ਸੱਤ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੇ ਮੱਕੇ ਵਿੱਚ ਆਪਣੇ ਇਸਲਾਮ ਦਾ ਸਭ ਤੋਂ ਪਹਿਲਾਂ ਪ੍ਰਗਟਾਵਾ ਕੀਤਾ ਸੀ । ਹਬਸ਼ੇ ਵੱਲ ਹਿਜਰਤ ਕਰਨ ਵਾਲੇ ਮੁਸਲਮਾਨਾ ਵਿੱਚ ਹਜ਼ਰਤ ਮਿਕਦਾਦ ਵੀ ਸ਼ਾਮਲ ਸਨ । ਕੁਝ ਸਮੇਂ ਬਾਦ ਉਹ ਮੱਕੇ ਵਾਪਸ ਪਰਤ ਆਏ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਹਿਜਰਤ ਕਰਕੇ ਮਦੀਨੇ ਆਏ ਤਾਂ ਉਸ ਸਮੇਂ ਹਜ਼ਰਤ ਮਿਕਦਾਦ ਹਿਜਰਤ ਨ ਕਰ ਸਕੇ ਫਿਰ ਉਹ ਮੱਕੇ ਵਿੱਚ ਉਸ ਸਮੇਂ ਤੱਕ ਰਹੇ ਜੱਦ ਤੱਕ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਬੈਦਾਹ ਬਿਨ ਹਾਰਸ ਦੀ ਸਰਦਾਰੀ ਵਿੱਚ ਇਕ ਜੱਥਾ ਭੇਜਿਆ ।

ਵਦਾਨ ਦੀ ਜੰਗ ਤੋਂ ਵਾਪਸ ਆਉਣ'ਤੇ ਰਬੀਉਲ ਅਵੱਲ ਮਹੀਨੇ ਦੇ ਅਰੰਭ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਇਕ ਨੇੜਲੇ ਰਿਸ਼ਤੇਦਾਰ ਉਬੈਦਾਹ ਬਿਨ ਅਲਹਾਰਸ ਮਤਲਬੀ ਦੀ ਸਰਦਾਰੀ ਵਿੱਚ ਸੱਠ ਸ਼ੁਤਰ ਸਵਾਰ (ਊਠ ਸਵਾਰ) ਮੁਹਾਜਰਾਂ ਦਾ ਇਕ ਜਥੱਾ ਭੇਜਿਆ । ਇਸ ਮੁਹਿਮ ਦਾ ਉਦੇਸ਼ ਵੀ ਮੱਕੇ ਦੇ ਕੁਰੈਸ਼ਾਂ ਦੇ ਹਮਲਿਆਂ ਨੂੰ ਰੋਕਣਾ ਸੀ, ਸੋ, ਜੱਦ ਉਬੈਦਾਹ ਬਿਨ ਅਲਹਾਰਸ ਅਤੇ ਉਹਨਾ ਦੇ ਕੁਝ ਸਾਥੀ ਜਾਤਰਾ ਕਰਕੇ ਸਨੀਆਤੁਲਮਰਹ ਕੋਲ ਪਹੁੰਚੇ ਤਾਂ ਅਣਜਾਣੇ ਕੀ ਦੇਖਦੇ ਹਨ ਕਿ ਕੁਰੈਸ਼ ਦੇ ਦੋ ਸੌ ਸ਼ਸ਼ਸਤਰ ਗਭਰੂ ਅਕਰਮਾ ਬਿਨ ਅਬੂਜਿਹਲ ਦੀ ਕਮਾਨ ਵਿੱਚ ਡੇਰ੍ਹਾ ਲਈ ਬੈਠੇ ਹਨ । ਦੋਵੇਂ ਦੱਲ ਇਕ ਦੂਜੇ ਦੇ ਸਾਹਮਣੇ ਹੋਏ ਅਤੇ ਇਕ ਦੂਜੇ ਦੇ ਟਾਕਰੇ ਵਿੱਚ ਕੁਝ ਤੀਰ ਅੰਦਾਜ਼ੀ ਵੀ ਹੋਈ ਪਰ ਫ਼ਿਰ ਮੁਸ਼ਰਿਕਾਂ ਦਾ ਦਲ ਇਹ ਖ਼ੌਫ਼ ਖਾਕੇ ਕਿ ਮੁਸਲਮਾਨਾ ਦੇ ਪਿੱਛੇ ਕੁਝ ਫ਼ੌਜ ਗੁਪਤ ਹੋਵੇਗੀ ਮੁਕਾਬਲੇ ਤੋਂ ਪਿੱਛੇ ਹੱਟ ਗਿਆ ਅਤੇ ਮੁਸਲਮਾਨਾ ਨੇ ਉਹਨਾ ਦਾ ਪਿਛੱਾ ਨ ਹੀਂ ਕੀਤਾ, ਹਾਲਾਂਕਿ ਮੁਸ਼ਰਿਕਾਂ ਦੇ ਲਸ਼ਕਰ ਵਿੱਚੋਂ ਦੋ ਵਿਅਕਤੀਆਂ ਮਿਕਦਾਦ ਬਿਨ ਉਮਰੋ ਅਤੇ ਅਤਬਾ ਬਿਨ ਗ਼ਜ਼ਵਾਨ, ਅਕਰਮਾ ਬਿਨ ਅਬੂਜਿਹਲ ਦੀ ਕਮਾਨ ਵਿੱਚ ਆਪਣੇ ਆਪ ਭਜੱਕੇ ਮੁਸਲਮਾਨਾ ਨਾਲ ਆਣ ਮਿਲੇ ਅਤੇ ਲਿੱਖਿਆ ਹੈ ਕਿ ਉਹ ਇਸੇ ਉਦੇਸ਼ ਨਾਲ ਕੁਰੈਸ਼ਾਂ ਨਾਲ ਨਿਕਲੇ ਸਨ ਕਿ ਮੌਕਾ ਪਾਕੇ ਮੁਸਲਮਾਨਾ ਵਿੱਚ ਆਣ ਮਿਲਣਗੇ ਕਿਉਂਕਿ ਉਹ ਦਿਲੋਂ ਮੁਸਲਮਾਨ ਸਨ ।

ਮਦੀਨੇ ਹਿਜਰਤ ਸਮੇਂ ਹਜ਼ਰਤ ਮਿਕਦਾਦ ਹਜ਼ਰਤ ਕੁਲਸੂਮ ਬਿਨ ਹਦਮ ਦੇ ਘਰ ਠਹਿਰੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਿਕਦਾਦ ਅਤੇ ਹਜ਼ਰਤ ਜਬੱਾਰ ਬਿਨ ਸਖ਼ਰ ਵਿਚਕਾਰ ਭਾਈਬੰਦੀ ਕਰਾਈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਿਕਦਾਦ ਨੂੰ ਬਨੂ ਹਦੀਲਾ ਜੋ ਅੰਸਾਰ ਦੇ ਕਬੀਲਾ ਖ਼ਜ਼ਰਜ ਦੀ ਸ਼ਾਖ਼ਾ ਹੈ, ਇਹਨਾ ਦੇ ਮੁਹੱਲੇ ਵਿੱਕ ਰਿਹਾਇਸ਼ ਲਈ ਥਾਂ ਪ੍ਰਦਾਨ ਕੀਤੀ ਸੀ ।

ਹਜ਼ਰਤ ਮਿਕਦਾਦ ਨੇ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਭਾਗ ਲਿਆ । ਹਜ਼ਰਤ ਮਿਕਦਾਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਤੀਰ ਅੰਦਾਜ਼ਾਂ ਵਿੱਚੋਂ ਦੱਸੇ ਜਾਂਦੇ ਹਨ ।

ਸੀਰਾਤੁਲ ਖ਼ਾਤਮਨੱਬੀਯੀਨ ਵਿੱਚ ਬਦਰ ਦੀ ਜੰਗ ਦੇ ਹਵਾਲੇ ਨਾਲ ਲਿੱਖਿਆ ਹੈ ਕਿ ਦੁਸ਼ਮਣ ਦੀ ਖ਼ਬਰ ਸੁਣਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਦੇ ਇਰਾਦਿਆਂ ਨੂੰ ਜਾਨਣ ਲਈ ਅਤੇ ਜੇਕਰ ਉਹ ਹਮਲਾ ਕਰਨ ਤਾਂ ਉਹਨਾ ਦੇ ਹਮਲੇ ਨੂੰ ਰੋਕਣ ਲਈ ਬਦਰ ਵਲੱ ਰਵਾਨਾ ਹੋਏ ਤਾਂ 'ਰੋਹਾ' ਦੇ ਅਸਥਾਨ ਉਪੱਰ ਪਹੁੰਚ ਕੇ ਆਪਨੇ ਬਸੀਸ ਅਤੇ ਅਦੀ ਨਾਂ ਦੇ ਦੋ ਸਹਾਬੀਆਂ ਨੂੰ ਦੁਸ਼ਮਣ ਦੀਆਂ ਕਾਰਵਾਈਆਂ ਤੇ ਹਰਕਤਾਂ ਦੀ ਜਾਣਕਾਰੀ

ਹਾਸਲ ਕਰਨ ਲਈ ਬਦਰ ਵੱਲ ਰਵਾਨਾ ਕੀਤੇ ਅਤੇ ਆਦੇਸ਼ ਦਿਤੱਾ ਕਿ ਉਡ ਛੇਤੀ ਖ਼ਬਰ ਲੈਕੇ ਵਾਪਸ ਆਉਣ । ਰੋਹਾ ਤੋਂ ਅੱਗੇ ਰਵਾਨਾ ਹੋਕੇ ਜੱਦ ਮੁਸਲਮਾਨ ਸਫ਼ਰਾ ਵਾਦੀ ਦੇ ਇਕ ਪਾਸਿਓਂ ਲੰਘਦੇ ਹੋਏ ਜ਼ਫ਼ਰਾਨ ਪਹੁੰਚੇ, ਇਹ ਵੀ ਇਕ ਥਾਂ ਦਾ ਨਾਂ ਹੈ ਜੋ ਬਦਰ ਤੋਂ ਇਕ ਮੰਜ਼ਲ ਦੂਰੀ'ਤੇ ਹੈ । ਇੱਥੇ ਸੂਚਨਾ ਮਿਲੀ ਕਿ ਜੱਥੇ ਦੀ ਸੁਰੱਖਿਆ ਲਈ ਕੁਰੈਸ਼ ਦਾ ਇਕ ਵਡੱਾ ਲਸ਼ਕਰ ਮੱਕੇ ਤੋਂ ਆ ਰਿਹਾ ਹੈ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਾਰੇ ਸਹਾਬਾ ਨੂੰ ਇਕਤੱਰ ਕਰਕੇ ਇਸ ਖ਼ਬਰ ਦੀ ਸੂਚਨਾ ਦਿੱਤੀ ਅਤੇ ਫਿਰ ਉਹਨਾ ਨਾਲ ਮਸ਼ਵਰਾ ਕੀਤਾ ਕਿ ਹੁਣ ਕੀ ਕਰਨਾ ਚਾਹੀਦਾ ਹੈ ।

ਵੱਡੇ ਵੱਡੇ ਸਹਾਬਾ ਨੇ ਖੜੇ ਹੋਕੇ ਜਾਨ ਨਿਛਾਵਰ ਕਰਨ ਵਾਲੇ ਭਾਸ਼ਣ ਦਿੱਤੇ ਅਤੇ ਅਰਜ਼ ਕੀਤੀ ਕਿ ਸਾਡੀਆਂ ਜਾਨਾ ਤੇ ਮਾਲ ਸੱਭ ਰੱਬ ਦੇ ਹਨ । ਅਸੀਂ ਹਰ ਮੈਦਾਨ ਵਿੱਚ ਹਰ ਸੇਵਾ ਲਈ ਤਿਆਰ ਹਨ। ਮਿਕਦਾਦ ਬਿਨ ਉਮਰੋ ਨੇ ਕਿਹਾ ਕਿ ਹੇ, ਰਸੂਲੁਲੱਾਹ, ਅਸੀਂ ਮੂਸਾ ਦੇ ਸਹਾਬੀਆਂ ਵਾਂਗ ਸਹੀਂ ਕਿ ਇਹ ਉਤੱਰ ਦੇਈਏ ਕਿ ਜਾ ਤੂੰ ਤੇ ਤੇਰਾ ਰੱਬ ਜਾਕੇ ਲੜੋ ਅਸੀਂ ਇੱਥੇ ਹੀ ਬੈਠੇ ਹਾਂ, ਸਗੋਂ ਅਸੀਂ ਇਹ ਕਹਿੰਦੇ ਹਾਂ ਕਿ ਆਪ ਜਿੱਥੇ ਚਾਹੁੰਦੇ ਹਨ ਚਲੀਏ ਅਸੀਂ ਆਪਦੇ ਨਾਲ ਹਨ, ਅਸੀਂ ਆਪਦੇ ਸੱਜੇ ਤੇ ਖੱਬੇ ਅਤੇ ਅੱਗੇ ਪਿੱਛੇ ਹੋਕੇ ਲੜਾਂਗੇ । ਆਪ ਨੇ ਇਹ ਭਾਸ਼ਣ ਸੁਣਿਆਂ ਤਾਂ ਆਪਦਾ ਚਿਹਰਾ ਮੁਬਾਰਕ ਖ਼ੁਸ਼ੀ ਨਾਲ ਚਮਕ ਉਠਿਆ ।

ਹਜ਼ਰਤ ਮਿਕਦਾਦ ਨੂੰ ਬਦਰ ਦੀ ਜੰਗ ਵਿੱਚ ਰੱਬ ਦੇ ਮਾਰਗ ਵਿੱਚ ਮਾਰ ਮੁਕਾਉਣ ਵਾਲੇ ਪਹਿਲੇ ਘੁੜਸਵਾਰ ਹੋਣ ਦਾ ਸੁਅਵਸਰ ਪ੍ਰਦਾਨ ਹੋਇਆ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਨੇ ਸੀਰਤ ਖ਼ਾਤਾਮਨੱਬੀਯੀਨ ਵਿੱਚ ਲਿੱਖਿਆ ਹੈ ਕਿ ਬਦਰ ਵਿੱਚ ਮੁਸਲਮਾਨਾ ਕੋਲ ਕੇਵਲ ਦੋ ਘੋੜੇ ਸਨ । ਮੁਸਲਮਾਨਾ ਦੇ ਜੰਗੀ ਸਾਮਾਨ ਤੇ ਕਾਫ਼ਰਾਂ ਦੇ ਜੰਗੀ ਸਾਮਾਨ ਵਿੱਚ ਕੋਈ ਤੁਲਨਾ ਨਹੀਂ ਸੀ, ਪਰੰਤੂ ਇਹ ਹੁੰਦਿਆਂ ਹੋਇਆਂ ਵੀ ਦੁਸ਼ਮਣ ਦੇ ਟਾਕਰੇ ਲਈ ਜੱਦ ਖੜੇ ਹੋਏ ਤਾਂ ਮੁਹਾਜਰਾਂ ਤੇ ਅੰਸਾਰ ਨੇ ਜੋ ਪ੍ਰਣ ਕੀਤਾ ਸੀ ਉਸ ਨੂੰ ਪੂਰਾ ਕਰਕੇ ਦਿਖਾਇਆ ।

ਇਕ ਵਾਰ ਹਜ਼ਰਤ ਮਿਕਦਾਦ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਪੁਛਿਆ , ਹੇ ਰਸੂਲੁਲੱਾਹ, ਜੇਕਰ ਮੇਰਾ ਕਿਸੇ ਕਾਫ਼ਰ ਨਾਲ ਮੁਕਾਬਲਾ ਹੋ ਜਾਏ ਅਤੇ ਉਹ ਮੇਰਾ ਇਕ ਹੱਥ ਤਲਵਾਰ ਨਾਲ ਕੱਟ ਦੇਵੇ ਅਤੇ ਫਿਰ ਇਕ ਰੁੱਖ ਦੇ ਪਿੱਛੇ ਲੁੱਕ ਜਾਏ ਅਤੇ ਕਹੇ ਕਿ ਮੈਂ ਰੱਬ ਖ਼ਾਤਰ ਮੁਸਲਮਾਨ ਹੋਗਿਆ । ਹੇ ਰਸੂਲੁਲੱਾਹ ਕੀ ਮੈਂ ਉਸਨੂੰ ਮਾਰ ਦਿਆਂ ਜੱਦ ਕਿ ਉਸ ਨੇ ਅਜਿਹੀ ਗੱਲ ਕਹੀ ਹੈ । ਆਪ ਨੇ ਫ਼ਰਮਾਇਆ ਕਿ ਤੁਸੀਂ ਉਸਨੂੰ ਕਤਲ ਨ ਕਰੋ । ਹਜ਼ਰਤ ਮਿਕਦਾਦ ਨੇ ਕਿਹਾ ਹੇ ਰਸੂਲੁਲੱਾਹ, ਉਸ ਨੇ ਮੇਰਾ ਇਕ ਹੱਥ ਕੱਟ ਦਿਤੱਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਸਨੂੰ ਨ ਕਤਲ ਕਰੋ ਕਿਉਂਕਿ ਉਸਨੂੰ ਕਤਲ ਕਰ ਦਿਤੱਾ ਤਾਂ ਉਹ ਤੁਹਾਡੇ ਉਸ ਦਰਜੇ'ਤੇ ਹੋ ਜਾਏਗਾ ਜੋ ਤੁਹਾਨੂੰ ਉਸਦੇ ਕਤਲ ਕਰਨ ਤੋਂ ਪਹਿਲਾਂ ਹਾਸਲ ਸੀ ਅਰਥਾਤ ਇਮਾਨ ਦਾ ਦਰਜਾ ਅਤੇ ਤੁਸੀਂ ਉਸਦੇ ਦਰਜੇ'ਤੇ ਹੋ ਜਾਓਗੇ ਜੋ ਉਸ ਨੂੰ ਕਲਮਾ ਪੜ੍ਹਨ ਤੋਂ ਪਹਿਲਾਂ ਹਾਸਲ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਹੈ ਕਲਮਾ ਪੜ੍ਹਨ ਵਾਲੇ ਦਾ ਮੁਕਾਮ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਕਾਇਮ ਕੀਤਾ ਅਤੇ ਅੱਜ ਕੱਲ ਦੇ ਓਲਮਾ ਅਖਵਾਉਣ ਵਾਲੇ ਅਤੇ ਇਸਲਾਮੀ ਹੁਕੂਮਤਾਂ ਦੇ ਅਮਲ ਦੇਖੋ । ਕਾਸ਼ ਇਹ ਆਪ ਦੇਖਣ ਕਿ ਇਸ ਹਦੀਸ ਅਨੁਸਾਰ ਉਹ ਕਿਹੜੇ ਮੁਕਾਮ ਉਪੱਰ ਖੜੇ ਹਨ, ਮੋਮਿਨ ਦੇ ਮੁਕਾਮ ਉਪੱਰ ਜਾਂ ਕਾਫ਼ਰ ਦੇ ਮੁਕਾਮ ਉਪੱਰ ?

ਹਜ਼ੂਰ ਅਨਵਰ ਨੇ ਫ਼ਰਮਾਇਆ : ਬਨੂ ਫ਼ਜ਼ਾਰਾਹ ਦੇ ਅਯੀਨਾ ਬਿਨ ਹਸਨ ਨੇ ਬਨੂ ਗ਼ਤਫ਼ਾਨ ਦੇ ਘੁੜਸਵਾਰਾਂ ਨਾਲ ਰਲੱਕੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਊਠ ਚੋਰੀ ਕਰ ਲਏ ਅਤੇ ਚਰਵਾਹੇ ਨੂੰ ਵੀ ਕਤਲ ਕਰ ਦਿਤੱਾ ਤਾਂ ਹਜ਼ਰਤ ਸਲਮਾ ਬਿਨ ਅਕੂਅ ਨੇ ਇਹਨਾ ਲੋਕਾਂ ਦਾ ਪਿਛੱਾ ਕੀਤਾ ਅਤੇ ਇਹਨਾ'ਤੇ ਤੀਰ ਵਰ੍ਹਾਏ । ਹਜ਼ਰਤ ਸਲਮਾ ਦੀ ਮਦਦ ਦੀ ਪੁਕਾਰ ਸੁਣਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮਦੀਨੇ ਵਿੱਚ ਐਲਾਨ ਕਰਵਾਇਆ ਕਿ ਦੁਸ਼ਮਣ ਦੇ ਮੁਕਾਬਲੇ ਲਈ ਨਿਕਲੋ । ਆਪ ਸਲਲੱਾਹੁ ਅਲੈਹਿ ਵਸਲਮ ਦਾ ਇਹ ਐਲਾਨ ਸੁਣਕੇ ਜੋ ਸਭ ਤੋਂ ਪਹਿਲਾ ਘੁੜਸਵਾਰ ਆਪ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਉਹ ਹਜ਼ਰਤ ਮਿਕਦਾਦ ਸਨ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜੱਦ ਮੱਕੇ'ਤੇ ਚੜ੍ਹਾਈ ਕਰਨ ਦੀ ਤਿਆਰੀ ਕੀਤੀ ਤਾਂ ਇਸ ਮੁਹਿਮ ਨੂੰ ਬਹੁਤ ਗੁਪਤ ਰੱਖਿਆ ਗਿਆ । ਇਸ ਮੌਕੇ'ਤੇ ਇਕ ਬਦਰੀ ਸਹਾਬੀ ਹਜ਼ਰਤ ਹਾਤਬ ਬਿਨ ਬਲਤਾਹ ਨੇ ਆਪਣੀ ਸਾਦਗੀ ਅਤੇ ਨਾਦਾਨੀ ਵਿੱਚ ਮੱਕੇ ਤੋਂ ਆਈ ਹੋਈ ਇਕ ਇਸਤਰੀ ਰਾਹੀਂ ਇਕ ਗੁਪਤ ਪਤੱਰ ਮੱਕੇ ਰਵਾਨਾ ਕਰ ਦਿਤੱਾ ਜਿਸ ਵਿੱਚ ਮੱਕੇ ਉਪੱਰ ਹਮਲਾ ਕਰਨ ਦੀ ਸਾਰੀ ਤਿਆਰੀ ਦਾ ਵਰਨਣ ਸੀ । ਅਲੱਾਹ ਤਆਲਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਦੀ ਖ਼ਬਰ ਦੇ ਦਿੱਤੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਲੀ ਜ਼ੁਬੈਰ ਅਤੇ ਮਿਕਦਾਦ ਨੂੰ ਇਸ ਇਸਤਰੀ ਤੋਂ ਉਹ ਪਤੱਰ ਲੈਂਣ ਲਈ ਰਵਾਨਾ ਕੀਤਾ । ਹਜ਼ਰਤ ਅਲੀ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਰੌਜ਼ਾ ਖ਼ਾਖ਼ ਵਿੱਚ ਤੁਹਾਨੂੰ ਉਹ ਇਸਤਰੀ ਮਿਲ ਜਾਏਗੀ । ਅਸੀਂ ਇਸ ਇਸਤਰੀ ਕੋਲ ਪਹੁੰਚੇ ਅਤੇ ਇਸ ਤੋਂ ਉਹ ਪਤੱਰ ਲੈਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕੀਤਾ ।

ਯਰਮੂਕ ਦੀ ਜੰਗ ਵਿੱਚ ਵੀ ਹਜ਼ਰਤ ਮਿਕਦਾਦ ਨੇ ਭਾਗ ਲਿਆ ਸੀ । ਆਪ ਇਸ ਜੰਗ ਵਿੱਚ ਕਾਰੀ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਕ ਜੱਥੇ ਉਪੱਰ ਹਜ਼ਰਤ ਮਿਕਦਾਦ ਨੂੰ ਅਮੀਰ (ਸਰਦਾਰ) ਬਣਾਇਆ ਸੀ । ਜੱਦ ਉਹ ਵਾਪਸ ਪਰਤਿਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਪੁੱਛਿਆ ਕਿ ਹੇ ਅਬੂ ਮਾਬਦ ਤੂੰ ਅਮਾਰਤ ਦੇ ਮਨਸਬ (ਮਰਤਬੇ) ਨੂੰ ਕਿਹੋ ਜਿਹਾ ਦੇਖਿਆ । ਉਹਨਾ ਦੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ, ਜੱਦ ਮੈਂ ਨਿਕਲਿਆ ਤਾਂ ਮੇਰੀ ਇਹ ਹਾਲਤ ਹੋਈ ਕਿ ਮੈਂ ਦੂਜਿਆਂ ਲੋਕਾਂ ਨੂੰ ਆਪਣਾ ਗ਼ੁਲਾਮ ਕਲਪਨਾ ਕਰ ਰਿਹਾ ਸੀ । ਆਪ ਨੇ ਫ਼ਰਮਾਇਆ ਕਿ ਹੇ ਅਬੂ ਮਾਬਦ ਅਮਾਰਤ ਇਸੇ ਪ੍ਰਕਾਰ ਹੈ ਸਿਵਾਏ ਇਸਦੇ ਕਿ ਜਿਸਨੂੰ ਰੱਬ ਇਸ ਦੀ ਬੁਰਾਈ ਤੋਂ ਸੁਰੱਖਿਅਤ ਰੱਖੇ । ਮਿਕਦਾਦ ਨੇ ਅਰਜ਼ ਕੀਤੀ ਕਿ ਕੋਈ ਸੰਦੇਹ ਨਹੀਂ । ਉਸ ਰੱਬ ਦੀ ਸਹੁੰ ਜਿਸਨੇ ਆਪਨੂੰ ਸਚੱਾਈ ਨੇ ਨਾਲ ਨਬੀ ਬਣਾਕੇ ਭੇਜਿਆ ਹੈ ਮੈਂ ਦੋ ਵਿਅਕਤੀਆਂ ਉਪੱਰ ਵੀ ਨਿਗਰਾਨ ਬਣਨਾ ਪਸੰਦ ਨਹੀਂ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਇਆ : ਇਹ ਤਕਵਾ (ਸੰਜਮਤਾ) ਦਾ ਮਿਆਰ ਸੀ ਉਹਨਾ ਲੋਕਾਂ ਦਾ ਕਿ ਅਫ਼ਸਰ ਬਣਨ ਨਾਲ ਹੰਕਾਰ ਪੈਦਾ ਹੋ ਸਕਦਾ ਹੈ ਇਸ ਲਈ ਪਸੰਦ ਨਹੀਂ ਕਰਦਾ ਕਿ ਦੋ ਵਿਅਕਤੀ ਵੀ ਮੇਰੇ ਮਾਤਹਿਤ ਹੋਣ । ਸੋ, ਸਾਡੇ ਸਾਰਿਆਂ ਅਫ਼ਸਰਾਂ ਨੂੰ ਵੀ ਇਹ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਅਵੱਲ ਤਾਂ ਇਛੱਾ ਨਹੀਂ ਕਰਨੀ ਅਤੇ ਜੱਦ ਅਫ਼ਸਰ ਬਣਾਇਆ ਜਾਏ ਉਹਦਾ ਦਿਤੱਾ ਜਾਏ ਤਾਂ ਰੱਬ ਤੋਂ ਇਸ ਉਹਦੇ ਦੀ ਕੁਵਰਤੋਂ ਤੋਂ ਬਚਣ ਲਈ ਵੀ ਦੁਆ ਮੰਗਣੀ ਚਾਹੀਦੀ ਹੈ ਅਤੇ ਰੱਬ ਕਦੇ ਵੀ ਹੰਕਾਰ ਪੈਦਾ ਨ ਕਰੇ ਅਤੇ ਉਸ ਦੀ ਮਿਹਰ ਮੰਗਣੀ ਚਾਹੀਦੀ ਹੈ ।

ਹਜ਼ਰਤ ਮਿਕਦਾਦ ਹਮਸ ਦੇ ਘਿਰਾਓ ਵਿੱਚ ਹਜ਼ਰਤ ਉਬੈਦਾਹ ਬਿਨ ਜਰਾਹ ਦੇ ਨਾਲ ਸਨ । ਹਜ਼ਰਤ ਮਿਕਦਾਦ ਨੇ ਮਿਸਰ ਦੀ ਫ਼ਤਹ ਵਿੱਚ ਵੀ ਭਾਗ ਲਿਆ ।

ਜਬੀਰ ਬਿਨ ਨਫ਼ੀਰ ਬਿਆਨ ਕਰਦੇ ਹਨ ਕਿ ਹਜ਼ਰਤ ਮਿਕਦਾਦ ਸਾਡੇ ਕੋਲ ਆਏ ਅਤੇ ਫ਼ਰਮਾਇਆ ਕਿ ਰੱਬ ਦੀ ਸਹੁੰ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦਿਆਂ ਹੋਇਆ ਸੁਣਿਆ ਹੈ ਕਿ ਖ਼ੁਸ਼ਨਸੀਬ ਉਹ ਹੈ ਜੋ ਫ਼ਿਤਨਿਆਂ ਤੋਂ ਬਚਾਇਆ ਗਿਆ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਮੁਸੀਬਤ ਆ ਜਾਏ ਤਾਂ ਫਿਰ ਸਬਰ ਹੈ ।

ਹਜ਼ਰਤ ਮਿਕਦਾਦ ਦਾ ਢਿੱਡ ਬਹੁਤ ਅਧਿਕ ਵੱਧਿਆ ਹੋਇਆ ਸੀ । ਉਹਨਾ ਦਾ ਇਕ ਰੂਮੀ ਗ਼ੁਲਾਮ ਸੀ ਉਹ ਉਹਨਾ ਨੂੰ ਕਹਿਣ ਲਗੱਾ ਕਿ ਮੈਂ ਆਪ ਦਾ ਢਿੱਡ ਕਟੱਕੇ ਚਰਬੀ ਕੱਢ ਦਿਆਂਗਾ । ਸੋ, ਉਸਨੇ ਹਜ਼ਰਤ ਮਿਕਦਾਦ ਦਾ ਢਿੱਡ ਕੱਟਿਆ ਅਤੇ ਚਰਬੀ ਕਢੱਕੇ ਫਿਰ ਸੀਉਂ ਦਿਤੱਾ ਪਰ ਇਸ ਦੇ ਸਬਬ ਹਜ਼ਰਤ ਮਿਕਦਾਦ ਦੀ ਮੌਤ ਹੋ ਗਈ । ਪਰ ਇਕ ਹੋਰ ਰਿਵਾਇਤ ਵੀ ਹੈ, ਇਸ ਅਨੁਸਾਰ ਹਜ਼ਰਤ ਮਿਕਦਾਦ ਦੀ ਮੌਤ ਕੈਸਟਰ ਆਇਲ ਪੀਣ ਕਰਕੇ ਹੋਈ ਸੀ । ਅਬੂ ਫ਼ਾਇਦ ਨੇ ਰਿਵਾਇਤ ਕੀਤੀ ਹੈ ਕਿ ਹਜ਼ਰਤ ਮਿਕਦਾਦ ਦੀ ਬੇਟੀ ਕਰੀਮਾ ਕਹਿੰਦੀ ਹਨ ਕਿ ਆਪ ਦੀ ਮੌਤ ਮਦੀਨੇ ਤੋਂ ਤਿੰਨ ਮੀਲ ਦੀ ਦੂਰੀ'ਤੇ ਜਰਫ਼ ਸਥਾਨ'ਤੇ ਹੋਈ, ਉੱਥੋਂ ਉਹਨਾ ਦੀ ਲੋਥ ਨੂੰ ਲੋਕਾਂ ਦੇ ਮੋਢਿਆਂ ਉਪੱਰ ਚੁਕੱਕੇ ਮਦੀਨੇ ਲਿਆਂਦਾ ਗਿਆ । ਹਜ਼ਰਤ ਉਸਮਾਨ ਨੇ ਉਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਜਨੱਤੁਲ ਬਕੀ ਵਿੱਚ ਉਹਨਾ ਨੂੰ ਦਫ਼ਨ ਕੀਤਾ ਗਿਆ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਅਲੱਾਹ ਨੇ ਮੈਨੂੰ ਚਾਰ ਨਾਲ ਪ੍ਰੇਮ ਕਰਨ ਦਾ ਹੁਕਮ ਦਿਤੱਾ ਹੈ ਅਤੇ ਮੈਨੂੰ ਦੱਸਿਆ ਗਿਆ ਹੈ ਕਿ ਉਹ ਵੀ ਉਹਨਾ ਨੂੰ ਪ੍ਰੇਮ ਕਰਦਾ ਹੈ । ਪ੍ਰਸ਼ਨ ਕੀਤਾ ਗਿਆ ਕਿ ਹੇ ਰਸੂਲੁਲੱਾਹ, ਉਹ ਕੌਣ ਹਨ, ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਲੀ, ਅਬੂਜ਼ਰ, ਸਲਮਾਨ ਅਤੇ ਮਿਕਦਾਦ ।

ਹਜ਼ਰਤ ਅਲੀ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹਰ ਨਬੀ ਨੂੰ ਸੱਤ ਸੱਤ ਭਲੇ ਸਾਥੀ ਦਿੱਤੇ ਗਏ ਹਨ, ਪਰ ਮੈਨੂੰ ਚੌਦਾਂ ਪ੍ਰਦਾਨ ਕੀਤੇ ਗਏ ਹਨ । ਅਸੀਂ ਅਰਜ਼ ਕੀਤੀ ਕਿ ਉਹ ਕੌਣ ਹਨ ਤਾਂ ਹਜ਼ਰਤ ਅਲੀ ਕਹਿੰਦੇ ਹਨ ਕਿ ਆਪਨੇ ਫ਼ਰਮਾਇਆ ਕਿ ਇਕ ਤਾਂ ਮੈਂ ਹਾਂ, ਮੇਰੇ ਦੋਵੇਂ ਪੁਤੱਰ ਹਸਨ ਤੇ ਹੁਸੈਨ, ਜਾਅਫ਼ਰ, ਹਮਜ਼ਾਹ, ਅਬੂਬਕਰ, ਉਮਰ, ਮਸਅਬ ਬਿਨ ਉਮੈਰ, ਬਿਲਾਲ, ਸਲਮਾਨ, ਇਮਾਰ, ਮਿਕਦਾਦ ਹੁਜ਼ੈਫ਼ਾ, ਅਬੂਜ਼ਰ ਅਤੇ ਅਬਦੁਲੱਾਹ ਬਿਨ ਮਸਊਦ ।

ਹਜ਼ਰਤ ਮਿਕਦਾਦ ਤੋਂ ਰਿਵਾਇਤ ਹੈ ਕਿ ਉਹ ਇਕ ਦਿਨ ਸ਼ੌਚ ਲਈ ਬਕੀਅ ਵੱਲ ਗਏ । ਉਹਨਾ ਨੇ ਇਕ ਚੂਹਾ ਦੇਖ਼ਿਆ ਜਿਸਨੇ ਬਿਲ ਵਿੱਚੋਂ ਇਕ ਦਿਨਾਰ ਕੱਢਿਆ, ਫਿਰ ਅੰਦਰ ਗਿਆ ਅਤੇ ਇਕ ਹੋਰ ਦਿਨਾਰ ਕੱਢਿਆ ਇੱਥੋਂ ਤੱਕ ਕਿ 17 ਦਿਨਾਰ ਕੱਢੇ । ਇਸਦੇ ਬਾਦ ਇਕ ਲਾਲ ਰੰਗ ਦਾ ਕਪੜਾ ਕੱਢਿਆ । ਹਜ਼ਰਤ ਮਿਕਦਾਦ ਕਹਿੰਦੇ ਹਨ ਕਿ ਮੈਂ ਉਸ ਕਪੜੇ ਨੂੰ ਖਿੱਚਿਆ ਤਾਂ ਉਸ ਵਿੱਚ ਇਕ ਦਿਨਾਰ ਪਾਇਆ । ਇਸ ਪ੍ਰਕਾਰ ਅਠਾਰ੍ਹਾਂ ਦਿਨਾਰ ਹੋ ਗਏ ਫਿਰ ਮੈਂ ਇਹਨਾ ਨੂੰ ਲੈਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਆਪ ਨੂੰ ਸਾਰੀ ਗੱਲ ਸੁਣਾਈ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਲਹ, ਇਸ ਦਾ ਸਦਕਾ ਲੈ ਲਓ । ਆਪਨੇ ਫ਼ਰਮਾਇਆ ਇਸ ਦਾ ਕੋਈ ਸਦਕਾ ਨਹੀਂ ਹੈ ਇਹਨਾਂ ਨੂੰ ਲੈ ਜਾਓ । ਅਲੱਾਹ ਤਆਲਾ ਇਸ ਵਿੱਚ ਤੁਹਾਡੇ ਲਈ ਬਰਕਤ ਪਾ ਦੇਵੇ । ਇਸ ਪ੍ਰਕਾਰ ਰੱਬ ਨੇ ਮੇਰੇ ਲਈ ਪ੍ਰਬੰਧ ਕਰ ਦਿਤੱਾ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਦੁਆ ਹਮੇਸ਼ਾ ਕਰਨੀ ਚਾਹੀਦੀ ਹੈ ਤਾਂ ਜੋ ਨਸਲਾਂ ਵਿੱਚ ਵੀ ਦੀਨ ਕਾਇਮ ਰਹੇ ਅਤੇ ਰੱਬ ਦੀਆਂ ਮਿਹਰਾਂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ । ਉਹ ਦੁਆ ਇਹ ਹੈ :

(وَالَّذِيْنَ يَقُوْلُوْنَ رَبَّنَا هَبْ لَنَا مِنْ اَزْوَاجِنَا وَذُرِّيّٰتِنَا قُرَّةَ اَعْيُنٍ)

ਵਲੱਜ਼ੀਨਾ ਯਕੂਲੂਨਾ ਰਬੱਨਾ ਹਬਲਨਾ ਮਿਨ ਅਜ਼ਵਾਜਿਨਾ ਵ ਜ਼ੁੱਰੀਯੱਤਿਨਾ ਕੁਰੱਤਾ ਆਯੁਨਿਨ

ਅਰਥਾਤ ਉਹ ਲੋਕ ਜੋ ਇਹ ਕਹਿੰਦੇ ਹਨ ਕਿ ਹੇ ਸਾਡੇ ਰੱਬ ਸਾਨੂੰ ਆਪਣੇ ਜੀਵਨ ਸਾਥੀਆਂ ਅਤੇ ਆਪਣੀ ਸੰਤਾਨ ਤੋਂ ਅਖੱਾਂ ਦੀ ਠੰਡਕ ਪ੍ਰਦਾਨ ਕਰ ।

ਹਜ਼ਰਤ ਅਨਸ ਕਹਿੰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਕ ਵਿਅਕਤੀ ਦੀ ਕੁਰਆਨ ਕਰੀਮ ਪੜ੍ਹਨ ਦੀ ਅਵਾਜ਼ ਸੁਣੀ ਜੋ ਉੱਚੀ ਅਵਾਜ਼ ਵਿੱਚ ਤਲਾਵਤ ਕਰ ਰਿਹਾ ਸੀ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਇਹ ਰੱਬ ਦਾ ਖ਼ੌਫ਼ ਰਖੱਣ ਵਾਲਾ ਇਨਸਾਨ ਹੈ । ਉਹ ਹਜ਼ਰਤ ਮਿਕਦਾਦ ਬਿਨ ਉਮਰੋ ਸਨ ।

ਅਲੱਾਹ ਤਆਲਾ ਸਾਨੂੰ ਵੀ ਇਸਲਾਮ ਦੀ ਹਕੀਕਤ ਨੂੰ ਸਮਝਣ ਦੀ ਤੌਫ਼ੀਕ ਪ੍ਰਦਾਨ ਕਰੇ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਦੀ ਉਮੱਤ ਵਿੱਚ ਹੋਣ ਦਾ ਹੱਕ ਪੂਰਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਆਪਣੇ ਅੰਦਰ ਰੱਬ ਦਾ ਖ਼ੌਫ਼ ਪੈਦਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 22.11.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131